Roll No. | | | | | | | |

**Series SHC** **Code No. 221/1**

- Please check that this question paper contains 3 printed pages.
- Code number given on the right hand side of the question paper should be written on the title page of the answer-book by the candidate.
- Please check that this question paper contains 25 questions.
- Please write down the serial number of the question before attempting it.

# POLITICAL SCIENCE

**(Punjabi Version)**

# ਰਾਜਨੀਤੀ ਵਿਗਿਆਨ

(ਪੰਜਾਬੀ ਉਲਥਾ)

*Time allowed : 3 hours* *Maximum Marks : 100*

*ਸਮਾਂ ਸੀਮਾਂ : 3 ਘੰਟੇ* *ਪੂਰਣ ਅੰਕ : 100*

*ਵਿਆਪਕ ਨਿਰਦੇਸ਼ :*

(i) *ਸਾਰੇ ਪ੍ਰਸ਼ਨ ਜ਼ਰੂਰੀ ਹਨ ।*

(ii) *ਹਰ ਇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਹਨ ।*

(iii) *1 ਤੋਂ 10 ਨੰਬਰ ਦਾ ਹਰ ਇਕ ਪ੍ਰਸ਼ਨ ਦੋ ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ 50 ਸ਼ਬਦਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ ।*

(iv) *11 ਤੋਂ 20 ਨੰਬਰ ਦਾ ਹਰ ਇਕ ਪ੍ਰਸ਼ਨ ਚਾਰ ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ 100 ਸ਼ਬਦਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ ।*

(v) *21 ਤੋਂ 25 ਨੰਬਰ ਦਾ ਹਰ ਇਕ ਪ੍ਰਸ਼ਨ ਅੱਠ ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ 200 ਸ਼ਬਦਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ ।*

1. ਸਮਾਜਿਕ ਨਿਆਂ ਤੋਂ ਆਪ ਕੀ ਸਮਝਦੇ ਹੋ ? 2

2. 'ਅਧਿਕਾਰ ਆਪਣੀ ਪ੍ਰਕ੍ਰਿਤੀ ਵਿੱਚ ਅਸੀਮਿਤ ਨਹੀਂ ਹੈ ।' ਸਪਸ਼ਟ ਕਰੋ । 2

3. ਰਾਜ ਦੀਆਂ ਗਤਿਵਿੱਧੀਆਂ ਵਿੱਚ ਨਿਰੰਕੁਸ਼ਤਾ ਦੀ ਥਾਂ ਤੇ ਕਲਿਆਨਕਾਰੀ ਸਰੂਪ ਦੇ ਬਦਲਣ ਪਿਛੇ ਕੀ ਮੁੱਖ ਕਾਰਨ ਸੀ ? 2

4. ਤੁਲਨਾਤਮਕ ਰਾਜਨੀਤੀ ਦਾ ਵਿਸ਼ੈ-ਖੇਤ੍ਰ ਦਸੋ । 2

5. ਭਾਰਤ ਦੇ ਨਿਯੋਜਨ ਆਯੋਗ ਦੇ ਸੰਗਠਨ ਦਾ ਵਰਣਨ ਕਰੋ । 2

6. ਕਾਰਜਆਤਮਕ ਜਾਂ ਵਿਵਸਾਇਕ ਪ੍ਰਤਿਨਿਧਿਤਵ ਤੋਂ ਕੀ ਭਾਵ ਹੈ ? 2

7. ਇਕ ਲੋਕਤੰਤ੍ਰ ਵਿੱਚ ਵਿਰੋਧੀ ਦੱਲਾਂ ਦੀ ਕੀ ਭੂਮਿਕਾ ਹੈ ? 2

8. 'ਜਨਮਤ' ਤੋਂ ਤੁਸੀ ਕੀ ਸਮਝਦੇ ਹੋ ? 2

9. 'ਵਰਗ ਸੰਘਰਸ਼' ਦੇ ਸਿਧਾਂਤ ਨੂੰ ਸਪਸ਼ਟ ਕਰੋ । 2

10. ਸਾਰਕ (SAARC) ਦੇ ਸਦੱਸ ਦੇਸ਼ਾਂ ਦੇ ਨਾਮ ਦਸੋ । 2

11. 'ਸੁਤੰਤ੍ਰਤਾ ਦਾ ਭਾਵ ਨਿਯੰਤ੍ਰਣ ਦਾ ਅਭਾਵ ਨਹੀਂ ।' ਟਿਪਣੀ ਕਰੋ । 4

12. ਅਸੀ ਇਹ ਕਿਉਂ ਕਹਿੰਦੇ ਹਾਂ ਕਿ ਅਧਿਕਾਰਾਂ ਵਿੱਚ ਕਰਤਵ ਲੁਪਤ ਹਨ ? 4

13. ਤੁਲਨਾਤਮਕ ਰਾਜਨੀਤੀ ਦੇ ਅਧਿਐਨ ਦੀਆਂ ਆਧੁਨਿਕ ਪ੍ਰਾਪਤੀਆਂ ਦੀਆ ਮੁਖ ਵਿਸ਼ੇਸ਼ਤਾਵਾਂ ਕੀ ਹਨ ? 4

14. ਕੀ ਆਰਥਿਕ ਵਿਕਾਸ ਨੂੰ ਰਾਜਨੀਤਿਕ ਵਿਕਾਸ ਦੀ ਪੂਰਬ ਸ਼ਰਤ ਕਿਹਾ ਜਾ ਸਕੀਦਾ ਹੈ ? ਕਿਵੇਂ ? 4

15. ਕੀ ਮਾਰਕਸਵਾਦ ਅਜ ਪ੍ਰਾਸੰਗਿਕ ਹੈ ? ਚਰਚਾ ਕਰੋ । 4

16. ਭਾਰਤ ਵਿੱਚ ਚੋਣਾਂ ਦੇ ਦੌਰਾਨ ਧਨ ਅਤੇ ਸ਼ਕਤੀ ਦੇ ਅਨੁਚਿਤ ਪ੍ਰਭਾਵ ਨੂੰ ਰੋਕਣ ਦੇ ਕੋਈ ਦੋ ਚੁਨਾਵੀ ਸੁਧਾਰ ਸੁਝਾਉ । 2+2

17. ਬਾਕੀ ਹੋਰ ਪਿਛੜੇ ਵਰਗਾਂ ਦੇ ਕਲਿਆਣ ਲਈ ਭਾਰਤ ਸਰਕਾਰ ਨੇ ਕੀ ਕਦਮ ਉਠਾਏ ਹਨ ? 4

18. ਭਾਰਤੀ ਸੰਵਿਧਾਨ ਦੇ 74ਵੇਂ ਸੰਸ਼ੋਧਨ ਦੇ ਕਿਨ੍ਹੀਂ ਚਾਰ ਪ੍ਰਾਵਧਾਨਾਂ ਦਾ ਉਲੇਖ ਕਰੋ । 4

19. 'ਜਾਤੀਵਾਦ ਭਾਰਤੀ ਲੋਕਤੰਤ੍ਰ ਲਈ ਇਕ ਬਿਪਤਾ ਹੈ ।' ਟਿਪਣੀ ਕਰੋ । 4

20. ਪਾਕਿਸਤਾਨ ਨਾਲ ਭਾਰਤ ਦੇ ਬਦਲ ਰਹੇ ਸੰਬੰਧਾਂ ਦੀ ਚਰਚਾ ਕਰੋ । 4

21. ਇਕ ਚੰਗੇ ਕਾਨੂੰਨ ਵਿੱਚ ਕਿਹੜੀਆਂ ਕਿਹੜੀਆਂ ਵਿਸ਼ੇਸ਼ਤਾਈਆਂ ਦਾ ਹੋਣਾ ਜ਼ਰੂਰੀ ਹੈ ? ਅਸੀ ਇਨ੍ਹਾਂ ਕਾਨੂੰਨਾਂ ਦਾ ਪਾਲਨ ਕਿਉਂ ਕਰਦੇ ਹਾਂ ? 8

**ਜਾਂ**

ਭਾਰਤੀ ਰਾਜਨੀਤਿਕ ਚਿੰਤਨ ਅਤੇ ਵਿਵਹਾਰ ਵਿੱਚ 'ਧਰਮ' ਦੀ ਅਵਧਾਰਣਾ ਦਾ ਕੀ ਸਹਤੱਵ ਹੈ ?

22. ਮਾਨਵਵਾਦ ਤੇ ਐਮ.ਐਨ. ਰਾਏ ਦੇ ਵਿਚਾਰਾਂ ਨੂੰ ਸਪਸ਼ਟ ਕਰੋ । 8

**ਜਾਂ**

'ਸੰਘਰਸ਼ ਸਮਾਧਾਨ' ਕੀ ਹੈ ? ਸੰਘਰਸ਼ ਸਮਾਧਾਨ ਲਈ ਗਾਂਧੀ ਜੀ ਦੀ ਵਿਚਾਰਧਾਰਾ ਦਾ ਵਰਣਨ ਕਰੋ । 2+6

23. ਭਾਰਤ ਵਿੱਚ ਸੰਪ੍ਰਦਾਇਕਤਾ ਦੇ ਵੱਧਣ ਦੇ ਕੀ ਕਾਰਨ ਹਨ ? ਅਸੀ ਉਨ੍ਹਾਂ ਤੇ ਕਿਵੇਂ ਕਾਬੂ ਪਾ ਸਕਦੇ ਹਾਂ ? 4+4

**ਜਾਂ**

ਭਾਰਤ ਵਿੱਚ ਵੱਧ ਰਹੀ ਰਾਜਨੀਤਿਕ ਹਿੰਸਾ ਦੇ ਕੀ ਕਾਰਨ ਹਨ ? ਇਸ ਨੂੰ ਕਿਵੇਂ ਰੋਕਿਆ ਜਾ ਸਕੀਦਾ ਹੈ ?

24. ਭਾਰਤ ਵਿੱਚ ਪਾਰਟੀ ਪ੍ਰਣਾਲੀ ਦੇ ਸਰੂਪ ਦੀ ਚਰਚਾ ਕਰੋ । 8

**ਜਾਂ**

ਇਕ ਲੋਕਤੰਤ੍ਰ ਵਿੱਚ ਦਬਾਉ-ਸਮੂਹਾਂ ਅਤੇ ਹਿਤ-ਸਮੂਹਾਂ ਦਾ ਮਹਤੱਵ ਕੀ ਹੈ ?

25. ਗੁਟਨਿਰਪੇਖ ਅੰਦੋਲਨ ਵਿੱਚ ਭਾਰਤ ਦੀ ਭੂਮਿਕਾ ਦਾ ਪਰੀਖਣ ਕਰੋ । 8

**ਜਾਂ**

ਭੂਮੰਡਲੀਕਰਣ ਤੋਂ ਆਪ ਕੀ ਸਮਝਦੇ ਹੋ ? ਇਸ ਦੇ ਪ੍ਰਭਾਵਾਂ ਦਾ ਭਾਰਤ ਨੇ ਕਿਵੇਂ ਸਾਹਮਣਾ ਕੀਤਾ ? 4+4